# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਅਤਿ ਜਰੂਰੀ/ਮਿਤੀ ਬੱਧ

ਵੱਲ:

ਸਮੂਹ ਕਲੱਸਟਰ ਮੁਖੀ
ਜਿਲ੍ਹਾ ਮਾਨਸਾ।

ਪੱਤਰ ਨੰ: ਜੀ-1/1( )/2021-22/ 2021424424
ਮਿਤੀ ਮਾਨਸਾ: 29.04.2021

ਵਿਸ਼ਾ:- ਕੋਵਿਡ-19 ਦੀ ਵੈਕਸੀਨੇਸ਼ਨ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸਮੂਹ ਕਲੱਸਟਰ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਡੀ.ਪੀ.ਆਈ (ਸੈ.ਸਿੱ),ਪੰਜਾਬ ਅਜੀਤਗੜ੍ਹ ਜੀ ਦੇ ਮੀਮੋ ਨੰ: DPISE-SEDUOGENL/172021-SE/2021141889 ਮਿਤੀ 28.04.2021 ਅਤੇ ਡਿਪਟੀ ਕਮਿਸ਼ਨਰ ਮਾਨਸਾ ਜੀ ਦੇ ਪੱਤਰ ਨੰ: 7296-7341/ਫਸ/ਫਕ-1 ਮਿਤੀ 26.04.2021 ਕੋਵਿਡ-19 ਦੀ ਵੈਕਸੀਨੇਸ਼ਨ ਸੰਬੰਧੀ ਰਿਪੋਰਟ ਅੱਜ ਮਿਤੀ 29.04.2021 ਨੂੰ ਸਕੂਲ ਛੱਡਣ ਤੋ ਪਹਿਲਾਂ ਸੰਬੰਧਤ ਕਲੱਸਟਰ ਮੁਖੀ ਦੋ ਪ੍ਰਕਾਰ ਦੀ ਰਿਪੋਰਟ ਭੇਜਣਗੇ। ਪਹਿਲੀ ਰਿਪੋਰਟ ਡੀ.ਸੀ ਮਾਨਸਾ ਜੀ ਦੀ ਹੈ ਅਤੇ ਕੈਂਪ ਤੋ ਬਾਅਦ ਸਕੂਲ ਵਾਈਜ ਕਿੰਨੇ ਹੋਰ ਕਰਮਚਾਰੀਆਂ ਨੇ ਵੈਕਸੀਨੇਸ਼ਨ ਕਰਵਾਈ ਹੈ। ਦੂਸਰੀ ਰਿਪੋਰਟ ਡੀ.ਪੀ.ਆਈ (ਸੈ.ਸਿੱ),ਪੰਜਾਬ ਅਜੀਤਗੜ੍ਹ ਜੀ ਦੀ ਹੈ। ਜਿਹੜੀ ਫਾਰਮ ਨੰਬਰ 1 ਜੋ ਗੂਗਲ ਪ੍ਰੋਫਾਰਮਾ ਹੈ ਉਸ ਵਿੱਚ ਭਰਕੇ ਸਕੂਲ ਵਾਈਜ ਭੇਜਣੀ ਹੈ। ਇਹ ਅਤਿ ਜਰੂਰੀ ਹੈ। ਇਸ ਨੂੰ ਪਹਿਲ ਦੇ ਅਧਾਰ ਤੇ ਕੇਵਲ ਕਲੱਸਟਰ ਹੈਡ ਗਰੁੱਪ ਵਿੱਚ ਭੇਜੀ ਜਾਵੇ।

29/04/2021

ਜਿਲ੍ਹਾ ਸਿੱਖਿਆ ਅਫਸ਼ਰ (ਸੈ.ਸਿੱ)
ਮਾਨਸਾ। ਰਮਨ ਮਾਨ

202167590
29/4/2021

**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ), ਪੰਜਾਬ**
**ਪੰ.ਸ.ਸਿੱ.ਬੋ. ਕੰਪਲੈਕਸ, ਬਲਾਕ-ਈ, ਚੌਥੀ ਮੰਜਿਲ, ਫੇਜ਼-8, ਸ.ਅ.ਸ. ਨਗਰ**
**(ਸੈਕੰਡਰੀ ਸਿੱਖਿਆ ਸ਼ਾਖਾ)**

ਵੱਲ,

4393
29.4.21

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ ਐ.ਸਿ.),
ਪੰਜਾਬ ਰਾਜ ਵਿੱਚ।

ਮੀਮੋ ਨੰ: DPISE-SEDUOGENL/17/2021-SE/2021141889
ਮਿਤੀ:- 28/4/2021

29/04

ਵਿਸ਼ਾ:- **ਜਿਲ੍ਹਿਆਂ ਅਤੇ ਸਕੂਲਾਂ ਵਿੱਚ ਸਟਾਫ ਦੇ ਟੀਕਾਕਰਣ ਸਬੰਧੀ ਵੇਰਵੇ ਭੇਜਣ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਸ ਤਰ੍ਹਾਂ ਕਿ ਆਪ ਦੇ ਧਿਆਨ ਵਿੱਚ ਹੀ ਹੈ ਕਿ ਕੋਵਿਡ-19 ਮਹਾਂਮਾਰੀ ਕਾਰਣ ਸਥਿਤੀ ਗੰਭੀਰ ਬਣੀਂ ਹੋਈ ਹੈ ਜਿਸ ਤੋਂ ਬਚਾਅ ਲਈ ਸਰਕਾਰ ਵੱਲੋਂ ਸਮੂਹ ਲੋਕਾਂ ਨੂੰ ਟੀਕਾਕਰਣ ਕਰਵਾਉਣ ਲਈ ਸਮੇਂ ਸਮੇਂ ਤੇ ਅਪੀਲ/ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ।

2.0 ਟੀਕਾਕਰਣ ਲਈ ਸਰਕਾਰ ਵੱਲੋਂ ਸਮੇਂ ਸਮੇਂ ਤੇ ਹਦਾਇਤਾਂ ਮੁਤਾਬਿਕ ਇਸ ਸਬੰਧੀ ਲੋੜੀਂਦਾ ਬੰਦੋਬਸਤ ਵੀ ਕੀਤਾ ਗਿਆ ਹੈ।

3.0 ਜ਼ਿਕਰਯੋਗ ਹੈ ਕਿ ਸਿੱਖਿਆ ਵਿਭਾਗ ਦੇ ਕਰਮਚਾਰੀ ਵੀ ਇਸ ਮਹਾਂਮਾਰੀ ਦੌਰਾਨ ਸਿਹਤ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਨਾਲ ਮਿਲ ਕੇ ਫਰੰਟਲਾਈਨ ਤੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਸਿੱਖਿਆ ਵਿਭਾਗ ਆਪਣੇ ਸਮੂਹ ਸਟਾਫ ਦੀ ਸੁਰੱਖਿਆ ਲਈ ਚਿੰਤਤ ਹੈ ਜਿਸ ਕਾਰਣ ਟੀਕਾਕਰਣ ਸਬੰਧੀ ਸਥਿਤੀ ਦਾ ਜਾਇਜ਼ਾ ਲੈਣ ਲਈ ਦਫਤਰਾਂ ਅਤੇ ਸਕੂਲਾਂ ਵਿੱਚ ਮੌਜੂਦਾ ਸਟਾਫ (ਟੀਚਿੰਗ/ ਨਾਨ-ਟੀਚਿੰਗ) ਦੇ ਵੇਰਵੇ ਇਕੱਤਰ ਕੀਤੇ ਜਾਣੇ ਹਨ ਤਾਂ ਜੋ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਇਸ ਸਬੰਧੀ ਅੱਗੇ ਸਿਹਤ ਵਿਭਾਗ ਨਾਲ ਮਾਮਲਾ ਟੇਕ-ਅੱਪ ਕੀਤਾ ਜਾ ਸਕੇ ਅਤੇ ਵਿਭਾਗ ਦੇ ਸਮੂਹ ਸਟਾਫ ਦੀ ਸੁਰੱਖਿਆ ਸੁਨਿਸ਼ਚਿਤ ਕੀਤੀ ਜਾ ਸਕੇ।

4.0 ਇਸ ਮੰਤਵ ਲਈ ਗੂਗਲ ਸ਼ੀਟ ਦਾ ਲਿੰਕ https://docs.google.com/spreadsheets/d/1iG9-SfzHyeEYc0A9t35wDLOQZB1lljrmBzTGjCZzw-o/edit?usp=sharing ਭੇਜ ਕੇ ਲਿਖਿਆ ਜਾਂਦਾ ਹੈ ਕਿ ਮੁਕੰਮਲ ਸੂਚਨਾ ਆਪਣੇ ਅਧੀਨ ਦਫਤਰਾਂ/ ਸਕੂਲਾਂ ਤੋਂ ਇਕੱਤਰ ਕਰਨ ਉਪਰੰਤ ਕੰਸੋਲੀਡੇਟ ਰਿਪੋਰਟ ਇਸ ਗੂਗਲ ਸ਼ੀਟ ਵਿੱਚ ਪ੍ਰੋਫਾਰਮਾ ਨੰਬਰ 2 ਅਨੁਸਾਰ ਇਸ ਦਫਤਰ ਦੀ ਈ-ਮੇਲ ਆਈ.ਡੀ. dydirsecedu@gmail.com ਤੇ ਤੁਰੰਤ ਭੇਜਣੀ ਯਕੀਨੀ ਬਣਾਈ ਜਾਵੇ।